# ਬਿਨਾਂ ਨੰਬਰ ਵਾਹਨਾਂ ਦੇ ਕੀਤੇ ਚਲਾਨ

ਗੁਰੂਹਰਸਹਾਏ, 29 ਮਈ (ਮਨਜੀਤ)- ਡੀ.ਐੱਸ.ਪੀ. ਪ੍ਰਸ਼ੋਤਮ ਸਿੰਘ ਬੱਲ ਤੇ ਥਾਣਾ ਮੁਖੀ ਜਤਿੰਦਰ ਸਿੰਘ ਗੁਰੂਹਰਸਹਾਏ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟ੍ਰੈਫਿਕ ਇੰਚਾਰਜ ਮਲਕੀਤ ਸ਼ਰਮਾ ਗੁਰੂਹਰਸਹਾਏ ਵਲੋਂ ਸਰਕਾਰ ਦੇ ਨਿਯਮਾਂ ਦੀਆਂ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਾਕਾਬੰਦੀ ਕਰ ਕੇ ਚਲਾਨ ਕੀਤੇ ਗਏ।

ਪੁਲਸ ਵਲੋਂ ਐੱਫ.ਐੱਫ.ਰੋਡ ਪਿੰਡ ਟਿਲੂ ਅਰਾਈਂ ਵਿਖੇ ਨਾਕਾਬੰਦੀ ਕਰ ਕੇ ਟ੍ਰਿਪਲ ਸਵਾਰੀ ਕਰਨ ਵਾਲਿਆਂ ਤੇ ਬਿਨਾਂ ਨੰਬਰ ਬਿਨਾਂ ਹੈਲਮੈਂਟ, ਬਿਨਾਂ ਬੀਮੇ ਅਤੇ ਬਿਨਾਂ ਪ੍ਰਦੂਸ਼ਣ ਕਾਲੇ ਸ਼ੀਸ਼ੇ ਵਾਹਨਾਂ ਦੇ ਚਲਾਨ ਕੀਤੇ ਗਏ ਹਨ।



ਟ੍ਰੈਫਿਕ ਇੰਚਰਾਜ ਮਲਕੀਤ ਸ਼ਰਮਾ ਬਿਨਾਂ ਨੰਬਰੀ ਵਾਹਨਾਂ ਦੇ ਚਲਾਨ ਕੱਟਦੇ ਹੋਏ। (ਮਨਜੀਤ)

ਇਸ ਮੌਕੇ ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਮਲਕੀਤ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਨਾਕਾਬੰਦੀ ਕਰ ਕੇ ਸਰਕਾਰੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੀਤੇ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਆਨੰਦ ਲਾਲ, ਸੁਨੀਲ ਸਿੰਘ, ਜਗਸੀਰ ਸਿੰਘ ਆਦਿ ਹਾਜ਼ਰ ਸਨ।